ਸਪੀਡ ਪੋਸਟ ਆਰ.ਟੀ.ਆਈ

ਪੀ. ਆਰਮਡ ... ਡਾਇਰੀ 16879 ਮਿਤੀ 25-10-18 ਜਲੰਧਰ ਛਾਉਣੀ

ਵੱਲੋ ਇੰਸਪੈਕਟਰ ਜਨਰਲ ਪੁਲਿਸ -ਕਮ-
ਲੋਕ ਸੂਚਨਾ ਅਫਸਰ,
ਆਈ.ਆਰ.ਬਨਜ:,ਪੰਜਾਬ,ਪਟਿਆਲਾ।

ਵੱਲ ਸ੍ਰੀ ਕੁਲਵੰਤ ਰਾਏ ਪੁੱਤਰ ਸ੍ਰੀ ਰਾਮ ਜੀ ਦਾਸ ,
ਪਿੰਡ ਚੱਠੇ ਸੇਖਵਾਂ, ਤਹਿਸੀਲ ਵਾ ਜਿਲ੍ਹਾ ਸੰਗਰੂਰ।

ਨੰਬਰ /ਏ-3, ਮਿਤੀ:

ਵਿਸ਼ਾ: ਸੂਚਨਾਂ ਦੇ ਅਧਿਕਾਰ ਐਕਟ-2005 ਅਧੀਨ ਮੰਗੀ ਗਈ ਸੂਚਨਾ ਦੇ ਸਬੰਧ ਵਿੱਚ।
ਪੱਤਰ:

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਸੂਚਨਾ ਦੇ ਅਧਿਕਾਰ ਐਕਟ-2005 ਤਹਿਤ ਸੂਚਨਾ ਲੈਣ ਸਬੰਧੀ ਭੇਜੀ ਗਈ ਦਰਖਾਸਤ, ਜੋ ਕਿ ਕਮਾਂਡੈਂਟ, ਦੂਜੀ ਆਈ.ਆਰ.ਬੀ ਲੱਡਾ ਕੋਠੀ ਸੰਗਰੂਰ ਨੂੰ ਸੰਬੋਧਿਤ ਹੈ, ਇਸ ਦਫਤਰ ਨੂੰ ਮਿਤੀ 01.10.2018 ਨੂੰ ਪ੍ਰਾਪਤ ਹੋਈ ਹੈ। ਜਿਸ ਰਾਹੀਂ ਆਪ ਵਲੋਂ ਸਿਪਾਹੀ ਗੁਰਮੀਤ ਸਿੰਘ 2/577 ਪੁਰਾਣਾ ਨੰਬਰ 6/585 ਬਾਰੇ ਜੋ ਸੂਚਨਾ ਦੀ ਮੰਗ ਕੀਤੀ ਗਈ ਹੈ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ, ਡਿਪਾਰਟਮੈਂਟ ਆਫ ਗਵਰਨੈਂਸ ਰਿਫੋਰਮਸ ਵਲੋਂ ਜਾਰੀ ਹੋਏ ਨੋਟੀਫਿਕੇਸ਼ਨ ਨੰਬਰ ਐਸ.ਓ.49/ਸੀ.ਏ.22/2005/ਐਸ. 24/2016, ਮਿਤੀ 07.06.2016, ਅਨੁਸਾਰ ਆਰਮਡ ਪੁਲਿਸ, ਇੰਡੀਆ ਰਿਜਰਵ ਬਟਾਲੀਅਨਜ, ਪੰਜਾਬ ਨੂੰ ਸੂਚਨਾ ਦੇਣ ਦੇ ਅਧਿਕਾਰ ਖੇਤਰ ਤੋਂ ਬਾਹਰ ਰੱਖਿਆ ਗਿਆ ਹੈ। ਇਸ ਲਈ ਉਕਤ ਨੋਟੀਫਿਕੇਸਨ ਅਨੁਸਾਰ ਆਪ ਨੂੰ ਮੰਗੀ ਗਈ ਸੂਚਨਾ ਮੁਹੱਈਆ ਨਹੀ ਕਰਵਾਈ ਜਾ ਸਕਦੀ।

ਜੇਕਰ ਆਪ ਇਸ ਦਫਤਰ ਵੱਲੋਂ ਦਿੱਤੀ ਗਈ ਸੂਚਨਾ ਨਾਲ ਸਹਿਮਤ ਨਹੀ ਹੋ, ਤਾਂ ਆਪ ਇਸ ਪੱਤਰ ਨੂੰ ਮਿਲਣ ਤੇ 30 ਦਿਨਾਂ ਦੀ ਸਮਾਂ ਸੀਮਾ ਦੇ ਵਿੱਚ ਇਸ ਸਬੰਧੀ ਸ੍ਰੀ ਕੁਲਦੀਪ ਸਿੰਘ, ਆਈ.ਪੀ.ਐਸ, ਵਧੀਕ ਡਾਇਰੈਕਟਰ ਜਨਰਲ ਪੁਲਿਸ-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਆਰਮਡ ਬਨਜ , ਜਲੰਧਰ ਛਾਉਣੀ ਕੋਲ ਅਪੀਲ ਕਰ ਸਕਦੇ ਹੋ।

ਇੰਸਪੈਕਟਰ ਜਨਰਲ ਪੁਲਿਸ-ਕਮ-,
ਲੋਕ ਸੂਚਨਾਂ ਅਫਸਰ,
ਆਈ.ਆਰ.ਬਨਜ:,ਪੰਜਾਬ,ਪਟਿਆਲਾ।

ਨੰਬਰ 19646-48 /ਏ-3, ਮਿਤੀ: 22-10-18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਿਪਟੀ ਇੰਸਪੈਕਟਰ ਜਨਰਲ ਪੁਲਿਸ/ਪ੍ਰਸਾਸਨ-ਕਮ-ਸਹਾਇਕ ਲੋਕ ਸੂਚਨਾ ਅਫਸਰ, ਇੰਡੀਆ ਰਿਜਰਵ ਬਟਾਲੀਅਨਜ, ਪੰਜਾਬ,ਪਟਿਆਲਾ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰਬਰ 14658/ਏ-3 ਆਰ.ਟੀ.ਆਈ, ਮਿਤੀ 01.10.2018 ਦੇ ਸਬੰਧ ਵਿੱਚ । (ਸਮੇਤ 10/-ਰੁਪਏ ਦਾ ਪੋਸਟਲ ਆਰਡਰ ਅਤੇ ਹੋਰ ਸਬੰਧਤ ਦਸਤਾਵੇਜ)।
2. ਕਮਾਂਡੈਂਟ, ਦੂਜੀ ਆਈ.ਆਰ.ਬੀ, ਲੱਡਾ ਕੋਠੀ ਸੰਗਰੂਰ।
3. ਇੰਚਾਰਜ,ਵੈਬਸਾਇਟ ਦਫਤਰ ਵਧੀਕ ਡਾਇਰੈਕਟਰ ਜਨਰਲ ਪੁਲਿਸ, ਆਰਮਡ ਬਟਾਲੀਅਨਜ, ਜਲੰਧਰ ਨੂੰ ਉਹਨਾਂ ਦੇ ਦਫਤਰ ਦੇ ਪਿੱਠ ਅੰਕਣ ਨੰਬਰ 34303-11/ਈ-6,ਮਿਤੀ 23.10.2015 ਦੇ ਸਬੰਧ ਵਿੱਚ।

website
25-10-18

22/10/18
ਇੰਸਪੈਕਟਰ ਜਨਰਲ ਪੁਲਿਸ-ਕਮ-,
ਲੋਕ ਸੂਚਨਾ ਅਫਸਰ,
ਆਈ.ਆਰ.ਬਨਜ, ਪੰਜਾਬ,ਪਟਿਆਲਾ।